Okanagan Similkameen Stewardship Society

# ਸੱਪਾਂ ਬਾਰੇ ਸੁਚੇਤ ਰਹੋ!

ਬੀ ਸੀ ਦੇ ਦੱਖਣੀ ਅੰਦਰੂਨੀ ਭਾਗ ‘ਚ ਸੱਪਾਂ ਦੀਆਂ ਸੱਤ ਕਿਸਮਾਂ ਹਨ। ਸਿਰਫ ਨਾਰਦਰਨ ਪੈਸੇਫਿਕ ਰੈਟਲਸਨੇਕ ਹੀ ਜ਼ਹਿਰੀਲਾ ਸੱਪ ਹੈ।



## ਸੱਪਾਂ ਦਾ ਸਾਹਮਣਾ ਕਰਨ ਤੋਂ ਬਚੋ:

- ਉੱਚੇ ਘਾਹ ਜਾਂ ਖਿਲਾਰੇ ਵਾਲੀ ਥਾਂ ‘ਤੇ ਕੰਮ ਕਰਦੇ ਸਮੇਂ ਬੂਟ ਤੇ ਪੈਂਟ ਪਹਿਨੋ।
- ਮਲਬੇ ਦੇ ਢੇਰ ਤੋਂ ਪਾਸੇ ਹੋ ਕੇ ਲੰਘੋ, ਨਾ ਕਿ ਇਸ ਨੂੰ ਟੱਪ ਕੇ, ਕਿਉਂਕਿ ਇਸ ਦੇ ਦੂਜੇ ਪਾਸੇਸੱਪ ਹੋ ਸਕਦਾ ਹੈ।
- ਅਜਿਹੀ ਕਿਸੇ ਥਾਂ ‘ਚ ਹੱਥ ਨਾ ਪਾਓ ਜਿੱਥੇ ਤੁਸੀਂ ਵੇਖ ਨਾ ਸਕੋ ਕਿਉਂ ਕਿ ਉੱਥੇ ਸੱਪ ਹੋ ਸਕਦਾ ਹੈ।
- ਕਦੇ ਵੀ ਸੱਪ ਨਾਲ ਛੇੜਛਾੜ ਨਾ ਕਰੋ; ਇਹ ਉਸ ਵੇਲੇ ਡੰਗ ਮਾਰਦਾ ਹੈ ਜਿਸ ਵੇਲੇ ਇਹ ਆਪਣੇਆਪ ਨੂੰ ਖ਼ਤਰੇ ‘ਚ ਮਹਿਸੂਸ ਕਰੇ।
- ਜੇਕਰ ਤੁਹਾਡੇ ਸਾਹਮਣੇ ਰੈਟਲਸਨੇਕ ਆ ਜਾਵੇ ਤਾਂ, ਉਸ ਨੂੰ ਇਕੱਲਾ ਹੀ ਰਹਿਣ ਦਿਓ।
- ਜੇਕਰ ਤੁਹਾਨੂੰ ਕਿਸੇ ਅਜਿਹੀ ਥਾਂ ‘ਤੇ ਰੈਟਲਸਨੇਕ ਦਿਖਾਈ ਦਿੰਦਾ ਹੈ ਜਿੱਥੇ ਇਹ ਨਹੀਂ ਹੋਣਾਚਾਹੀਦਾ (ਜਿਵੇਂ ਕਿ ਕਾਰ ਦੇ ਹੇਠਾਂ, ਖੇਡ ਦੇ ਮੈਦਾਨ ‘ਚ), ਤਾਂ ਘੱਟੋ ਘੱਟ ਉੱਥੋਂ 3 ਮੀਟਰ ਦੂਰ ਹੋਜਾਓ, ਅਤੇ ਜੇਕਰ ਸੱਪ ਉੱਥੋ ਕਿਸੇ ਪਾਸੇ ਨੂੰ ਤੁਰਨ ਲੱਗ ਪਵੇ ਤਾਂ ਉਸ ‘ਤੇ ਨਿਗ੍ਹਾ ਰੱਖਦੇ ਹੋਏਕੰਜ਼ਰਵੇਸ਼ਨ ਅਧਿਕਾਰੀ ਨੂੰ **1-877-952-7277** ‘ਤੇ ਫੋਨ ਕਰੋ।

## ਭਾਵੇਂ ਇਸ ਦੀ ਬਹੁਤ ਹੀ ਘੱਟ ਸੰਭਾਵਨਾ ਹੈ ਪਰ ਰੈਟਲਸਨੇਕ ਵੱਲੋਂ ਡੰਗ ਮਾਰਨ ‘ਤੇ:



1. ਉਸ ਇਨਸਾਨ ਨੂੰ ਸੱਪ ਦੀ ਪਹੁੰਚ ਤੋਂ ਦੂਰ ਕਰ ਦਿਓ, ਪਰ ਸੱਪ ਦੀਆਂ ਹਰਕਤਾਂ ‘ਤੇ ਘੱਟੋ ਘੱਟ 3ਮੀਟਰ ਦੀ ਦੂਰੀ ਤੋਂ ਨਿਗ੍ਹਾ ਰੱਖੋ ਤਾਂ ਕਿ ਕੋਈ ਹੋਰ ਉਸ ਪਾਸੇ ਵੱਲ ਨਾ ਚਲਿਆ ਜਾਵੇ।
2. ਉਸ ਇਨਸਾਨ ਨੂੰ ਸ਼ਾਂਤ ਰੱਖੋ ਤੇ ਉਸ ਦੀ ਘਬਰਾਹਟ ਨੂੰ ਘੱਟ ਤੋਂ ਘੱਟ ਕਰਨ ਦੀ ਕੋਸ਼ਿਸ਼ ਕਰੋ।
3. ਉਸ ਇਨਸਾਨ ਦੇ ਸਰੀਰ, ਖਾਸ ਕਰਕੇ ਉਸ ਹਿੱਸੇ ਤੋਂ, ਜਿੱਥੇ ਡੰਗ ਲੱਗਾ ਹੋਵੇ, ਅਜਿਹੇ ਕੱਪੜੇ ਜਾਂਹੋਰ ਬਸਤਰ ਉਤਾਰ ਦਿਓ ਜੋ ਅੜਿੱਕਾ ਬਣਦੇ ਹੋਣ।
4. ਜਿੰਨੀ ਛੇਤੀ ਹੋ ਸਕੇ ਹਸਪਤਾਲ ਪਹੁੰਚੋ ਤੇ ਉੱਥੇ ਅਗਾਊਂ ਹੀ ਫੋਨ ਕਰ ਦਿਓ ਤਾਂ ਜੋ ਉਹ ਸੱਪ ਦੇ ਡੰਗੇਹੋਏ ਪੀੜਤ ਵਿਅਕਤੀ ਲਈ ਤਿਆਰੀ ਕਰ ਸਕਣ।

**ਇਹ ਨਾ ਕਰੋ:**

- ਸੱਪ  ਨੂੰ ਮਾਰਨਾ
- ਜ਼ਹਿਰ ਚੂਸਣ ਦੀ ਕੋਸ਼ਿਸ਼ ਕਰਨਾਕਰਕਰਨਾ
- ਜ਼ਖ਼ਮ ‘ਤੇ ਕੱਟ ਲਾਉਣਾ/ਲਹੂ ਦੇ ਵਹਾਅ ਨੂੰ ਰੋਕਣਾ

**ਯਾਦ ਰੱਖੋ ਕਿ ਰੈਟਲਸਨੇਕ ਦਾ ਡੰਗ ਲਗ ਭਗ ਕਦੇ ਵੀ ਜਾਨਲੇਵਾ ਨਹੀਂ ਹੁੰਦਾ ਅਤੇ ਇਹ ਕਦੇ ਕਦਾਈਂ ਹੀ ਲੰਬੇ ਸਮੇਂ ਲਈ ਨੁਕਸਾਨਦੇਹ ਹੁੰਦਾ ਹੈ।**

## GOPHERSNAKES VS RATTLESNAKES

ਜ਼ਹਿਰੀਲੇ ਨਹੀਂ



ਛੋਟਾ ਸਿਰ, ਅੱਖਾਂ ‘ਤੇ ਅਕਸਰ ਗੂੜ੍ਹੇ ਰੰਗ ਦੀ ਪੱਟੀ ਬਣੀ ਹੁੰਦੀ ਹੈ।

ਪੂਛ ਦੇ ਅੰਤ ‘ਚ ਗੰਢ ਵਰਗਾ ਕੁੱਝ ਵੀਨਹੀਂ ਹੁੰਦਾ।

ਪਤਲਾ ਭੂਰਾ ਸਰੀਰ ਜਿਸ ‘ਤੇ ਗੂੜ੍ਹੇ ਰੰਗ ਦੇ ਟੁੱਟੇ ਹੋਏ ਆਇਤਕਾਰ ਨਿਸ਼ਾਨ ਹੁੰਦੇ ਹਨ।

**ਗ੍ਰੇਟ ਬੇਸਿਨ ਗੋਫ਼ਰਸਨੇਕ**

ਜ਼ਹਿਰੀਲਾ ਹੈ



ਪੂਛ ਇੱਕ ਗੰਢ ਜਿਹੀ ਜਾਂ ਛੋਟੇ ਬਟਣਦੀ ਸ਼ਕਲ ‘ਚ ਸਮਾਪਤ ਹੁੰਦੀ ਹੈ।

ਚੌੜੇ, ਤਿਕੋਣੇ ਸਿਰ ਵਾਲਾ ਜਿਸਦੀ‘ਧੌਣ’ ਸ਼ਪਸ਼ਟ ਵਿਖਾਈ ਦਿੰਦੀ ਹ


ਗੂੜ੍ਹੇ ਭੂਰੇ-ਹਰੇ ਤੋਂ ਹਰੇ-ਸਲੇਟੀ ਰੰਗ ਦਾਸਰੀਰ, ਕਈ ਵਾਰੀ ਲਾਲੀ ਜਿਹੇ ਰੰਗ ਦਾ ▪ ਪਿੱਠ ‘ਤੇ ਗੂੜ੍ਹੇ ਚੱਕਰ ਜਿਨ੍ਹਾਂ ਦੇ ਚਾਰੇਪਾਸੇ ਚਿੱਟਾ ਜਿਹਾ ਚੱਕਰ ਬਣਿਆ ਹੁੰਦਾਹੈ।.

**ਨਾਰਦਰਨ ਪੈਸੇਫਿਕ ਰੈਟਲਸਨੇਕ**


## ਅੰਦਰੂਨੀ ਬੀ ਸੀ ‘ਚ ਸੱਪਾਂ ਦੀਆਂ ਹੋਰ ਨਸਲਾਂ:




ਪੀਲ਼ੇ ਪੇਟ (ਯੈਲੋ-ਬੈਲੀਡ) ਰੇਸਰ



ਡੈਜ਼ਰਟ ਨਾਈਟ ਸੱਪ



ਆਮ ਗਾਰਟਰ ਸੱਪ



ਰਬੜ ਬੋਆ



ਟਰੈਸਟ੍ਰੀਅਲ ਗਾਰਟਰ ਸੱਪ

Snake Smart initiatives are supported by: Central Okanagan Foundation; Community Foundation south okanagan | similkameen; Canada; RDOS South Okanagan Conservation Fund; Habitat Conservation Trust Foundation; Okanagan Similkameen Conservation Alliance; British Columbia

Photos courtesy of : Micheal Bezner (top L&R, middle L) Jared Maida, Lia McKinnon, Valerie Blow, Alyson Skinner